http://www.gnduonline.com

**Exam. Code : 110001**

**Subject Code : 2631**

**Bachelor of Vocation (Web Technology & Multimedia)**

**1st Semester**

# PUNJABI COMPULSORY

**Paper–106 (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਕੁੱਲ **ਪੰਜ** ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰੇਕ ਭਾਗ ਵਿੱਚੋਂ **ਇੱਕ-ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

## ਭਾਗ—I

1. ਹੇਠ ਲਿਖੇ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ
ਧਾ ਚਰਨਾਂ ਤੇ ਸੀਸ ਨਿਵਾਯਾ
ਸਾਡੇ ਮੱਥੇ ਛੋਹ ਨਾ ਪਾਈ,
ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨਾ ਗਈਆ ਕਾਈ। 10

http://www.gnduonline.com



http://www.gnduonline.com

2. 'ਜਵਾਨ ਪੰਜਾਬ' ਕਵਿਤਾ ਦਾ ਸਾਰ ਲਿਖੋ।

**ਜਾਂ**

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਆਖਾਂ ਵਾਰਿਸ ਸ਼ਾਹ ਨੂੰ' ਦਾ ਸਾਰ ਲਿਖੋ। 10

## ਭਾਗ—II

3. 'ਅਫ਼ਰੀਕਾ ਦੀ ਯਾਦ' ਨਿਬੰਧ ਦਾ ਸਾਰ ਲਿਖੋ।

**ਜਾਂ**

'ਹਿੰਦੁਸਤਾਨ ਛੋੜ ਦੋ' ਨਿਬੰਧ ਦੀ ਸ਼ੈਲੀ ਉਪਰ ਨੋਟ ਲਿਖੋ। 10

## ਭਾਗ—III

4. ਕਿਸੇ **ਇੱਕ** ਵਿਸ਼ੇ ਤੇ ਪੈਰ੍ਹਾ ਰਚਨਾ ਲਿਖੋ :

(ੳ) (1) ਸੂਚਨਾ ਤਕਨਾਲੋਜੀ

(2) ਪੁਸਤਕਾਂ ਦਾ ਮਹੱਤਵ

(3) ਔਰਤ ਵਿਰੁੱਧ ਅਪਰਾਧ। 5

(ਅ) ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਮਿੱਠਤ ਨਾਲ ਅਸੀਂ ਕਈ ਕੰਮ ਕੱਢ ਸਕਦੇ ਹਾਂ, ਲੋਕਾਂ ਕੋਲੋਂ ਸਤਿਕਾਰ ਤੇ ਪ੍ਰਸੰਸਾ ਪ੍ਰਾਪਤ ਕਰਦੇ ਹਾਂ ਤੇ ਉਨ੍ਹਾਂ ਉੱਤੇ ਆਪਣੇ ਸ਼ੁਭ ਆਚਰਨ ਦਾ ਪ੍ਰਭਾਵ ਪਾ ਸਕਦੇ ਹਾਂ। ਇਸਦੇ ਉਲਟ ਕੌੜਾ ਬੋਲ੍ਹਣਾ ਇੱਕ ਅਜਿਹਾ ਔਗੁਣ ਹੈ ਜਿਸਦੇ ਹੇਠਾਂ ਮਨੁੱਖ ਦੇ ਸ਼ੁਭ ਗੁਣ ਵੀ ਢੱਕੇ ਜਾਂਦੇ ਹਨ। ਕੌੜਾ ਬੋਲਣ

http://www.gnduonline.com

http://www.gnduonline.com

ਵਾਲੇ ਤੋਂ ਲੋਕ ਦੂਰ ਰਹਿੰਦੇ ਹਨ। ਅਜਿਹਾ ਬੰਦਾ ਭਾਵੇਂ ਕਿੰਨਾ ਅਮੀਰ ਤੇ ਗਿਆਨਵਾਨ ਹੋਵੇ ਜਾਂ ਕਿਸੇ ਉੱਚੀ ਪਦਵੀ ਤੇ ਹੋਵੇ, ਉਹ ਲੋਕਾਂ ਵਿੱਚ ਦਿਲੀ ਆਦਰ ਪ੍ਰਾਪਤ ਨਹੀਂ ਕਰ ਸਕਦਾ। ਸਭ ਲੋਕ ਮਿੱਠਤ ਦੇ ਗਾਹਕ ਹਨ ਤੇ ਸਾਰੇ ਹੀ ਕੌੜੀ ਚੀਜ਼ ਨੂੰ ਥੁਕ ਦੇਂਦੇ ਹਨ। ਕੌੜੇ, ਫਿੱਕੇ ਤੇ ਖਰ੍ਹਵੇ ਬੋਲ ਅਤੇ ਵਿਨ੍ਹਵੀਂ ਟੋਕਾ-ਟਾਕੀ ਤੇ ਆਲੋਚਨਾ ਹਰ ਕਿਸੇ ਦਾ ਦਿਲ ਲੂੰਹਦੀ ਹੈ ਤੇ ਇਨ੍ਹਾਂ ਦਾ ਅਸਰ ਸਦੀਵੀ ਹੁੰਦਾ ਹੈ। ਇਸੇ ਵਾਸਤੇ ਕਿਹਾ ਜਾਂਦਾ ਹੈ ਕਿ ਤਲਵਾਰ ਦਾ ਫੱਟ ਮਿਟ ਜਾਂਦਾ ਹੈ, ਪਰ ਜ਼ਬਾਨ ਦਾ ਫੱਟ ਕਦੀ ਨਹੀਂ ਮਿਟਦਾ।

(1) ਕਿਸ ਗੁਣ ਨਾਲ ਲੋਕਾਂ ਤੋਂ ਕੰਮ ਕਢਾਇਆ ਜਾ ਸਕਦਾ ਹੈ ?

(2) ਸਾਰੇ ਲੋਕ ਕਿਸ ਔਗੁਣ ਤੇ ਥੁੱਕਦੇ ਹਨ ?

(3) ਕਿਸਦਾ ਫੱਟ ਮਿਟ ਜਾਂਦਾ ਹੈ ਕਿਸਦਾ ਨਹੀਂ ਮਿਟਦਾ ?

(4) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਉ।

(5) ਲਕੀਰੇ ਸ਼ਬਦਾਂ ਦੇ ਅਰਥ ਲਿਖੋ। 5

http://www.gnduonline.com

## ਭਾਗ—IV

5. ਭਾਸ਼ਾ ਉਚਾਰਨ ਵਿੱਚ ਕਾਰਜਸ਼ੀਲ ਉਚਾਰਨ ਅੰਗਾਂ ਬਾਰੇ ਜਾਣਕਾਰੀ ਦਿਉ।

**ਜਾਂ**

ਭਾਸ਼ਾ ਵੰਨਗੀਆਂ ਦੇ ਵੱਖ-ਵੱਖ ਆਧਾਰਾਂ ਦਾ ਵਰਨਣ ਕਰੋ। 10